ਪੰਜਾਬ ਦੀ ਆਵਾਜ਼

# ਅਜੀਤ

**Daily Ajit, Jalandhar** ਜਲੰਧਰ : ਸੋਮਵਾਰ, 8 ਮਈ, 2006 25 ਵੈਸਾਖ ਨਾਨਕਸ਼ਾਹੀ ਸੰਮਤ 538

ਰਜਿ: ਨੰ: Pb/0138/2003 ਜਿਲਦ [illegible] ਬਾਨੀ ਸੰਪਾਦਕ (ਸਵ:) ਡਾ: ਸਾਧੂ ਸਿੰਘ ਹਮਦਰਦ ਫੋਨ: 0181-2455961-62-63, 2458588, 2455715, ਫੈਕਸ: 2455960, 2220593, 2242048



## ਧੋਖੇਬਾਜ਼ ਲਾੜੇ-ਲਾੜੀਆਂ ਨੂੰ ਨੱਥ ਪਾਉਣ ਲਈ 'ਕੈਨੇਡੀਅਨ ਮੈਰਿਜ ਫਰਾਡ ਵਿਕਟਮਜ਼ ਸੁਸਾਇਟੀ' ਦਾ ਗਠਨ




'ਕੈਨੇਡੀਅਨ ਮੈਰਿਜ ਫਰਾਡ ਵਿਕਟਮਜ਼ ਸੁਸਾਇਟੀ' ਦੇ ਵਾਲੰਟੀਅਰਜ਼, ਜੋ ਵਿਆਹ ਦੀ ਪਰਿਭਾਸ਼ਾ ਦਾ ਗ਼ਲਤ ਲਾਹਾ ਲੈਣ ਵਾਲੇ ਜਾਅਲੀ ਲਾੜੇ-ਲਾੜੀਆਂ ਅਤੇ ਵਿਆਹ ਦੇ ਨਾਂਅ 'ਤੇ ਫਰਾਡ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ ਲਈ ਸਰਗਰਮ ਹਨ, ਦੀ ਸਾਂਝੀ ਤਸਵੀਰ। ਤਸਵੀਰ : ਕੰਵਲ

ਟੋਰਾਂਟੋ, 7 ਮਈ (ਕੰਵਲਜੀਤ ਸਿੰਘ ਕੰਵਲ)-ਸ਼ਾਦੀ ਦੇ ਪਵਿੱਤਰ ਬੰਧਨ 'ਚ ਬੱਝ ਜਾਣ ਪਿੱਛੋਂ ਭਾਰਤ ਸਮੇਤ ਕਈ ਦੇਸ਼ਾਂ ਤੋਂ ਕੈਨੇਡਾ ਆਉਣ ਪਿੱਛੋਂ ਪਰਿਵਾਰਾਂ 'ਚ ਤੋੜ-ਵਿਛੋੜਾ ਹੋ ਜਾਣ ਦੀ ਗਿਣਤੀ 'ਚ ਭਾਰੀ ਵਾਧਾ ਹੁੰਦਾ ਜਾ ਰਿਹਾ ਹੈ। ਬਹੁਤੇ ਲਾੜੇ-ਲਾੜੀਆਂ ਸਿਰਫ਼ ਤੇ ਸਿਰਫ਼ ਕੈਨੇਡਾ ਆਉਣ ਲਈ ਹੀ ਵਿਆਹ ਰਚਾਉਂਦੇ ਹਨ ਤੇ ਕੈਨੇਡਾ ਦੀ ਧਰਤੀ 'ਤੇ ਇਮੀਗਰੇਸ਼ਨ ਦੇ ਪੇਪਰ ਮਿਲਦਿਆਂ ਹੀ ਰਫ਼ੂਚੱਕਰ ਹੋ ਜਾਂਦੇ ਹਨ। ਅਜਿਹੀਆਂ ਸੈਂਕੜੇ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ 'ਚ ਕਈ ਲਾੜੇ-ਲਾੜੀਆਂ ਉਸ ਏਅਰ ਪੋਰਟ 'ਤੇ ਵੀ ਨਹੀਂ ਉਤਰਦੇ ਜਿੱਥੇ ਕਿ ਉਨ੍ਹਾਂ ਦੀ ਸੰਭਾਵੀ ਪਤੀ-ਪਤਨੀ ਵੱਲੋਂ ਉਡੀਕ ਹੋ ਰਹੀ ਹੁੰਦੀ ਹੈ। ਇਸ ਰੁਝਾਨ ਦੇ ਕਈ ਪਹਿਲੂ ਹਨ ਜਿਵੇਂ ਕੈਨੇਡੀਅਨ ਕਾਨੂੰਨ ਦੀ ਆੜ ਹੇਠ ਕਈ ਪਤੀ-ਪਤਨੀ 'ਬਿਨਾਂ ਝਗੜੇ ਤੋਂ' ਤਲਾਕਨਾਮਾ ਲੈ ਲੈਂਦੇ ਹਨ ਅਤੇ ਕਾਨੂੰਨੀ ਤੌਰ 'ਤੇ ਕਾਨੂੰਨ ਨੂੰ ਅਲੱਗ ਦਿਖਣ 'ਤੇ ਉਹ ਨਵੇਂ ਵਿਆਹ ਰਚਾ ਕੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸਪਾਂਸਰ ਕਰ ਲੈਂਦੇ ਹਨ। ਜਿਸ ਦੀਆਂ ਹਜ਼ਾਰਾਂ ਮਿਸਾਲਾਂ ਮਿਲਦੀਆਂ ਹਨ। ਅਜਿਹੇ ਕੇਸਾਂ 'ਚ ਕਈ ਲੋਕਾਂ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਇਥੋਂ ਲਿਆ ਕੇ ਵਸਾ ਲਿਆ ਤੇ ਕਈਆਂ ਨੇ ਇਸੇ ਝਮੇਲੇ 'ਚ ਆਪਣੇ ਵਸਦੇ-ਵਸਦੇ ਘਰਾਂ ਨੂੰ ਉਜਾੜ ਲਿਆ। ਇਥੋਂ ਤੱਕ ਕਿ ਕਈ ਲੋਕ ਵੱਡੀਆਂ ਰਕਮਾਂ ਬਟੋਰ ਕੇ ਵੀ 'ਜਾਅਲੀ ਵਿਆਹ' ਰਚਾਉਂਦੇ ਹਨ। ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਹੱਲ ਲਈ ਕੈਨੇਡੀਅਨ ਮੈਰਿਜ ਫਰਾਡ ਵਿਕਟਮ ਸੁਸਾਇਟੀ ਹੋਂਦ 'ਚ ਲਿਆਂਦੀ ਗਈ ਹੈ। ਜਿਸ ਦੇ ਪ੍ਰਧਾਨ ਪਲਵਿੰਦਰ ਸਿੰਘ ਗਿੱਲ ਤੇ ਬਲਜਿੰਦਰ ਕੌਰ ਸੰਘੇੜਾ ਆਦਿ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਕੈਨੇਡਾ ਦੇ ਹਰ ਸੂਬੇ 'ਚ ਆਪਣੀਆਂ ਸ਼ਾਖਾਵਾਂ ਖੋਲ੍ਹ ਚੁੱਕੇ ਹਨ ਜਿਥੇ ਅਜਿਹੇ ਫਰਾਡ ਤੇ ਪੀੜਤਾਂ ਦੀ ਹਰ ਤਰ੍ਹਾਂ ਦੀ ਕਾਨੂੰਨੀ ਤੇ ਹੋਰ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਹ ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਨਾਲ ਅਜਿਹੇ ਫਰਾਡਾਂ ਦੀ ਰੋਕਥਾਮ ਲਈ ਕਿਸੇ ਸਖ਼ਤ ਕਾਨੂੰਨ ਨੂੰ ਪਾਸ ਕਰਨ ਬਾਰੇ ਗੱਲਬਾਤ ਕਰ ਰਹੇ ਹਨ ਜਿਸ ਲਈ ਉਨ੍ਹਾਂ ਨੂੰ ਘੱਟੋ-ਘੱਟ 50 ਹਜ਼ਾਰ ਲੋਕਾਂ ਦੇ ਦਸਤਖ਼ਤ ਨਾਂਅ ਪਤੇ 'ਤੇ ਫੋਨ ਨੰਬਰਾਂ ਸਮੇਤ ਪਟੀਸ਼ਨ ਲਈ ਲੋੜੀਂਦੇ ਹਨ। ਹੁਣ ਤੱਕ ਉਹ 30 ਹਜ਼ਾਰ ਤੋਂ ਵੱਧ ਲੋਕਾਂ ਦੇ ਇਸ ਪਟੀਸ਼ਨ ਲਈ ਦਸਤਖ਼ਤ ਕਰਵਾ ਚੁੱਕੇ ਹਨ ਅਤੇ ਉਨ੍ਹਾਂ ਦੀ ਸੁਸਾਇਟੀ ਦੇ ਵਾਲੰਟੀਅਰ ਇਸ ਕੰਮ ਲਈ ਰਾਤ ਦਿਨ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ 'ਚ ਕੰਮ ਕਰ ਰਹੇ ਹਨ। ਇਹ ਪਟੀਸ਼ਨ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੂੰ ਪੇਸ਼ ਕਰਨ ਪਿੱਛੋਂ ਦੇ ਇਸ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਹੋਣ ਤੋਂ ਬਾਅਦ ਅਜਿਹੇ 'ਮੈਰਿਜ ਫਰਾਡ' ਰੋਕਣ ਲਈ ਕਾਨੂੰਨ ਪਾਸ ਹੋਵੇਗਾ ਜਿਸ ਰਾਹੀਂ ਕੋਈ ਵੀ ਲਾੜਾ-ਲਾੜੀ ਕਿਸੇ ਨੂੰ ਧੋਖਾ ਦੇਣ ਦੀ ਸੂਰਤ 'ਚ ਉਸ ਨੂੰ ਦੇਸ਼-ਨਿਕਾਲਾ ਜਾਂ ਸਖ਼ਤ ਸਜ਼ਾ ਤੇ ਹੋਰ ਕਈ ਪਾਬੰਦੀਆਂ ਬਾਰੇ ਕਾਨੂੰਨ ਬਣਾਉਣ ਬਾਰੇ ਵਿਚਾਰ ਹੋ ਰਿਹਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਜੇ ਇਸ ਸੁਸਾਇਟੀ ਦੀ ਕੀਤੀ ਪਹੁੰਚ ਨਾਲ ਅਜਿਹੇ ਸਖ਼ਤ ਕਰੜੇ ਕਾਨੂੰਨਾਂ ਨੂੰ ਹੋਂਦ 'ਚ ਲਿਆਂਦਾ ਗਿਆ ਤਾਂ ਅਜਿਹੇ ਜਾਅਲੀ ਲਾੜੇ-ਲਾੜੀਆਂ ਨੂੰ ਕਾਨੂੰਨ ਦੇ ਕਟਹਿਰੇ 'ਚ ਖੜ੍ਹਾ ਕਰਨਾ ਸੌਖਾ ਹੋ ਜਾਵੇਗਾ ਅਤੇ ਵਿਆਹ ਜਿਹੇ ਪਵਿੱਤਰ ਰਿਸ਼ਤੇ ਦੀ ਪਰਿਭਾਸ਼ਾ 'ਚ ਕੋਈ ਫ਼ਰਕ ਨਹੀਂ ਪਵੇਗਾ